بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 01.12.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅੱਜ (ਅਰਥਾਤ 12 ਰਬੀਉਲ ਅਵੱਲ ਦੇ ਦਿਨ) ਜੇਕਰ ਹਕੀਕੀ ਖ਼ੁਸ਼ੀ ਮਨਾਉਣੀ ਹੈ ਤਾਂ ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪਦਚਿੰਨ੍ਹਾਂ ਉਪੱਰ ਚਲਦਿਆਂ ਹੋਇਆਂ ਮਨਾਈ ਜਾ ਸਕਦੀ ਹੈ ।**

**ਜਿੱਥੇ ਇਬਾਦਤਾਂ ਦੇ ਮਿਆਰ ਵੀ ਉੱਚੇ ਹੋਣ, ਜਿੱਥੇ ਤੌਹੀਦ (ਇਕ ਈਸ਼ਵਰਵਾਦ) ਉਪੱਰ ਕਾਮਲ ਯਕੀਨ ਹੋਵੇ ਅਤੇ ਉਤੱਮ ਆਚਰਣ ਦੇ ਮਿਆਰ ਵੀ ਬੁਲੰਦ ਹੋਣ**

-----------------

**ਆਖ਼ਰੀਨ ਦੀ ਇਸ ਜਮਾਤ ਦੇ ਲੋਕਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲ ਦੇ ਪਦਚਿੰਨ੍ਹਾ ਉਪੱਰ ਚਲਦਿਆਂ ਹੋਇਆਂ ਜਿਵੇਂ ਸਹਾਬਾ ਕਰਾਮ ਨੇ ਇਬਾਦਤਾਂ ਦੇ ਮਿਆਰ ਉੱਚੇ ਕੀਤੇ ਅਸੀਂ ਵੀ ਆਪਣੀਆਂ ਇਬਾਦਤਾਂ ਦੇ ਮਿਆਰ ਉੱਚੇ ਕਰੀਏ ਅਤੇ ਕੇਵਲ ਆਪਣੀ ਦੁਨੀਆਦਾਰੀ ਵਿੱਚ ਹੀ ਨ ਡੁੱਬੇ ਰਹੀਏ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 1 ਦਸੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

12 ਰਬੀਉਲ ਅਵੱਲ ਦਾ ਦਿਨ ਉਹ ਦਿਨ ਹੈ ਜੱਦ ਦੁਨੀਆ ਵਿੱਚ ਉਹ ਨੂਰ ਆਇਆ ਜਿਸ ਨੂੰ ਰੱਬ ਨੇ ਸਿਰਾਜ ਮੁਨੀਰ (ਚਮਕਦਾ ਸੂਰਜ) ਕਿਹਾ, ਜਿਸ ਨੇ ਸਾਰੀ ਦੁਨੀਆ ਨੂੰ ਰੂਹਾਨੀ ਰੌਸ਼ਨੀ ਪ੍ਰਦਾਨ ਕਰਨੀ ਸੀ ਅਤੇ ਕੀਤੀ । ਜਿਸ ਨੇ ਰੱਬ ਦਾ ਰਾਜ ਦੁਨੀਆ ਵਿੱਚ ਕਾਇਮ ਕਰਨਾ ਸੀ ਅਤੇ ਕੀਤਾ । ਜਿਸ ਨੇ ਵੱਰ੍ਹਿਆਂ ਦੇ ਮੁਰਦਿਆਂ ਨੂੰ ਰੂਹਾਨੀ ਜੀਵਨ ਦੇਣਾ ਸੀ ਅਤੇ ਦਿਤੱਾ । ਜਿਸਨੇ ਦੁਨੀਆ ਨੂੰ ਅਮਨ ਤੇ ਸਲਾਮਤੀ ਪ੍ਰਦਾਨ ਕਰਨੀ ਸੀ ਅਤੇ ਪ੍ਰਦਾਨ ਕੀਤੀ । ਜਿਸਨੂੰ ਰੱਬ ਨੇ ਫ਼ਰਮਾਇਆ ਕਿ (وَمَاۤ اَرۡسَلۡنٰکَ اِلَّا رَحۡمَۃً لِّلۡعٰلَمِیۡنَ۔) 'ਵਮਾ ਅਰਸਲਨਾਕਾ ਇਲੱਾ ਰਹਮਾਤੰਲ ਲਿਲਆਲਾਮੀਨ' ਅਰਥਾਤ ਅਸੀਂ ਤੈਨੂੰ ਦੁਨੀਆ ਲਈ ਕੇਵਲ ਰਹਮਤ ਬਣਾ ਕੇ ਭੇਜਿਆ ਹੈ ਜੋ ਕੇਵਲ

ਮਨੁਖੱਾਂ ਲਈ ਨਹੀਂ ਸਗੋਂ ਪਸ਼ੂ ਪੰਛੀਆਂ ਸਾਰਿਆਂ ਲਈ ਰਹਮਤ ਹੈ । ਜੋ ਕੇਵਲ ਮੁਸਲਮਾਨਾਂ ਲਈ ਨਹੀਂ ਸਗੋਂ ਗ਼ੈਰ ਮੁਸਲਮਾਨਾ ਲਈ ਵੀ ਰਹਮਤ ਸੀ ਅਤੇ ਹੈ । ਅਤੇ ਜਿਸ ਦੀ ਸਿੱਖਿਆ ਕਯਾਮਤ ਤੱਕ ਹਰ ਇਕ ਲਈ ਰਹਮਤ ਹੈ । ਜਿਸ ਬਾਰੇ ਰੱਬ ਨੇ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਮੰਨ੍ਹਣ ਵਾਲਿਆਂ ਨੂੰ ਫ਼ਰਮਾਇਆ ਕਿ ਰੱਬ ਦੇ ਰਸੂਲ ਵਿੱਚ ਤੁਹਾਡੇ ਲਈ ਪਦਚਿੰਨ੍ਹ ਹਨ ਜਿਵੇਂ ਕਿ ਫ਼ਰਮਾਉਂਦਾ ਹੈ :

لَقَدۡ کَانَ لَکُمۡ فِیۡ رَسُوۡلِ اللّٰہِ اُسۡوَۃٌ حَسَنَۃٌ لِّمَنۡ کَانَ یَرۡجُوا اللّٰہَ وَالۡیَوۡمَ الۡاٰخِرَ وَذَکَرَ اللّٰہَ کَثِیۡرًا

ਕਿ ਨਿਸ਼ਚੇ ਹੀ ਤੁਹਾਡੇ ਲਈ ਰੱਬ ਦੇ ਰਸੂਲ ਵਿੱਚ ਨੇਕ ਨਮੂਨਾ ਹੈ, ਹਰ ਉਸ ਵਿਅਕਤੀ ਲਈ ਜੋ ਅਲੱਾਹ ਅਤੇ ਯੌਮੇ ਆਖ਼ਰਤ (ਪਰਲੈ ਦੇ ਦਿਨ) ਉਪੱਰ ਵਿਸ਼ਵਾਸ ਰਖੱਦਾ ਹੈ ਅਤੇ ਰੱਬ ਨੂੰ ਬਹੁਤ ਸਿਮਰਦਾ ਹੈ । ਸੋ, ਇਸ ਪਦਚਿੰਨ੍ਹਾ ਉਪੱਰ ਚੱਲੇ ਬਿਨਾ ਮੁਸਲਮਾਨ ਮੁਸਲਮਾਨ ਨਹੀਂ ਅਖਵਾ ਸਕਦਾ । ਸਾਡੇ ਨਬੀ ਸਲਲੱਾਹੁ ਅਲੈਹਿ ਵਸਲਮ ਨੇ ਸਾਡੇ ਲਈ ਤੌਹੀਦ ਦੀ ਸਥਾਪਨਾ ਦੇ ਨਮੂਨੇ ਬਣਾਏ । ਇਬਾਦਤਾਂ ਦੇ ਨਮੂਨੇ ਵੀ ਬਣਾਏ । ਉਚੱਤਮ ਆਚਰਣ ਦੇ ਨਮੂਨੇ ਵੀ ਬਣਾਏ ਅਤੇ ਮਾਨਵ ਅਧਿਕਾਰਾਂ ਦੇ ਨਮੂਨੇ ਵੀ ਬਣਾਏ । ਪਰ ਦੁੱਖ ਦੀ ਗੱਲ ਹੈ ਕਿ ਅੱਜ ਕੱਲ ਮੁਸਲਿਮ ਬਹੁਗਿਣਤੀ ਆਪ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਦਾ ਦਾਅਵਾ ਤਾਂ ਕਰਦੀ ਹੈ ਪਰ ਕਰਮ ਇਸ ਦੇ ਵਿਪਰੀਤ ਹਨ ਜਿਸ ਦੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਿੱਖਿਆ ਦਿੱਤੀ ਸੀ ਅਤੇ ਜੋ ਆਪ ਜੀ ਨੇ ਕਰਮ ਕਰਕੇ ਦਿਖਾਏ ਸਨ । ਬਹੁਤੇ ਮੁਸਲਮਾਨ ਦੇਸ਼ਾਂ ਵਿੱਚ ਫ਼ਿਤਨਿਆਂ ਤੇ ਫ਼ਸਾਦਾਂ ਦੀ ਅਵਸਥਾ ਹੈ । ਪਾਕਿਸਤਾਨ ਵਿੱਚ ਇਸ ਖ਼ੌਫ਼ ਦੇ ਮਾਰੇ ਕਿ ਫ਼ਿਤਨਿਆਂ ਤੇ ਫ਼ਸਾਦਾਂ ਦੀ ਅੱਗ ਇਕ ਥਾਂ ਤੋਂ ਦੂਜੀ ਥਾਂ ਨ ਚਲੀ ਜਾਵੇ ਕਈ ਸ਼ਹਿਰਾਂ ਵਿੱਚ ਅੱਜ ਮੋਬਾਇਲ ਫ਼ੋਨ ਸੇਵਾ ਬੰਦ ਕਰ ਦਿੱਤੀ ਗਈ ਹੈ । ਪੁਲਿਸ ਦੀ ਵੱਡੀ ਗਿਣਤੀ ਹਰ ਚੌਕ ਤੇ ਹਰ ਸੜਕ'ਤੇ ਖੜੀ ਹੈ । ਕੀ ਇਹ ਇਸ ਨਬੀ ਦੀ ਪੈਦਾਇਸ਼ ਦੀ ਖ਼ੁਸ਼ੀ ਮਨਾਉਣ ਦਾ ਤਰੀਕਾ ਹੈ, ਕੀ ਹਰ ਸ਼ਰੀਫ਼ ਵਿਅਕਤੀ ਡਰਿਆ ਹੋਇਆ ਹੈ । ਸਾਡੇ ਪਿਆਰੇ ਆਕਾ ਦੇ ਨਾਂ'ਤੇ ਅਹਮਦੀਆਂ ਵਿਰੁਧ ਭੜਕਾਉਣਾ ਅਤੇ ਗੰਦ ਬਕਣਾ ਤਾਂ ਹਰ ਦਿਨ ਦੀ ਦਿਨਚਰਿਆ ਹੈ ਪਰ ਅੱਜ ਇਸ ਵਿੱਚ ਵੀ ਬਹੁਤ ਵਾਧਾ ਹੋ ਗਿਆ ਹੈ । ਕੁਝ ਦਿਨ ਹੋਏ ਪਾਕਿਸਤਾਨ ਦੇ ਕਈ ਸ਼ਹਿਰਾਂ ਵਿੱਚ ਜੋ ਘੇਰਾਬੰਦੀ ਹੋਈ, ਧਰਨੇ ਦਿੱਤੇ ਗਏ ਉਸ ਨੇ ਹਰ ਸ਼ਰੀਫ਼ ਸ਼ਹਿਰੀ ਨੂੰ ਪਰੇਸ਼ਾਨ ਕਰਕੇ ਰੱਖ ਦਿਤੱਾ ਸੀ, ਜਿਸ ਕਰਕੇ ਜੀਵਨ ਦੇ ਕਾਰੋਬਾਰ ਬੰਦ ਹੋ ਗਏ ਸਨ । ਕੋਈ ਰੋਗੀ ਹਸਪਤਾਲ ਨਹੀਂ ਜਾ ਸਕਦਾ ਸੀ, ਸਕੂਲ ਬੰਦ ਕਰ ਦਿੱਤੇ ਗਏ ਸਗੋਂ ਦੁਕਾਨਾਂ ਤੱਕ ਬੰਦ ਕਰ ਦਿੱਤੀਆਂ ਗਈਆਂ । ਕੋਈ ਵਿਅਕਤੀ ਜਿਸਦੇ ਘਰ ਵਿੱਚ ਖਾਣ ਪੀਣ ਦਾ ਸਮਾਨ ਨਹੀਂ ਸੀ ਆਪਣੇ ਬੱਚਿਆਂ ਲਈ ਖਾਣ ਪੀਣ ਦਾ ਸਮਾਨ ਨਹੀਂ ਲਿਆ ਸਕਦਾ ਸੀ । ਅਰਬਾਂ ਰੁਪੱਈਏ ਦਾ ਕੌਮ ਨੂੰ ਆਰਥਕ ਨੁਕਸਾਨ ਵੀ ਹੋਇਆ ਅਤੇ ਇਹ ਸਭ ਕੁਝ ਉਹਨਾਂ ਨਾਂ ਨਿਹਾਦ ਮੌਲਵੀਆਂ ਦੇ ਹੁੱਬੇ ਰਸੂਲ (ਰਸੂਲ ਨਾਲ ਪ੍ਰੇਮ) ਦੇ ਨਾਰੇ ਕਰਕੇ ਹੋਇਆ ਜੋ ਰਹਮਾਤੁਲ ਲਿਲਆਲਾਮੀਨ ਹੈ ਜਿਸ ਨੇ ਸਾਨੂੰ ਇਹ ਸਿੱਖਿਆ ਦਿੱਤੀ ਕਿ ਮਾਰਗਾਂ ਦੇ ਹੱਕ ਪੂਰੇ ਕਰੋ, ਪਰ ਇਹ ਲੋਕ ਤਾਂ ਨਾਮੂਸੇ ਰਸਾਲਤ ਦੇ ਨਾਂ'ਤੇ ਮਾਰਗ ਬੰਦ ਕਰਕੇ ਲੋਕਾਂ ਨੂੰ ਕਸ਼ਟਾਂ ਵਿੱਚ ਪਾ ਰਹੇ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਸਿੱਖਿਆ ਅਤੇ ਆਪ ਦੇ ਪਦਚਿੰਨ੍ਹਾ ਦਾ ਇਹਨਾਂ ਗਲੱਾਂ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ । ਇਹ ਲੋਕ ਜੋ ਚਾਹੁਣ ਕਰਦੇ ਰਹਿਣ ਪਰ ਅਸੀਂ ਅਹਮਦੀਆਂ ਦਾ ਕੰਮ ਹੈ ਕਿ ਅਸੀਂ ਆਪ ਸਲਲੱਾਹੁ ਅਲੈਹਿ ਵਸਲਮ ਦੇ ਪਦਚਿੰਨ੍ਹਾ ਨੂੰ ਹਰ ਪੱਖੋਂ ਦੇਖੀਏ ਅਤੇ ਉਸ ਉਪੱਰ ਅਮਲ ਕਰਨ ਦਾ ਪੂਰਾ ਪੂਰਾ ਜਤਨ ਕਰੀਏ, ਆਪਣੀਆਂ ਸਾਰੀਆਂ ਸ਼ਕਤੀਆਂ ਤੇ ਸਮਰਥਾ ਅਨੁਸਾਰ ਜਤਨ ਕਰੀਏ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਮੈਂ ਇਸ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪਦਚਿੰਨ੍ਹਾ ਦੇ ਹਵਾਲਿਆਂ ਨਾਲ ਆਪ ਸਲਲੱਾਹੁ ਅਲੈਹਿ ਵਸਲਮ ਦੇ ਜੀਵਨ ਦੇ ਕੁਝ ਪੱਖ ਵਰਨਣ ਕਰਾਂਗਾ। ਰੱਬ ਨਾਲ ਜੋ ਆਪ ਨੂੰ ਪ੍ਰੇਮ ਸੀ ਉਸ ਨੂੰ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ : ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਇਕ ਵੁਜੂਦ ਦੇ ਆਸ਼ਕ, ਪ੍ਰੇਮੀ ਤੇ ਦਿਵਾਨੇ ਹੋਏ ਅਤੇ ਫਿਰ ਉਸ ਤੋਂ ਉਹ ਕੁਝ ਪ੍ਰਾਪਤ ਕੀਤਾ ਜੋ ਦੁਨੀਆ ਵਿੱਚ ਕਦੇ ਕਿਸੇ ਨੂੰ ਨਹੀਂ ਮਿਲਿਆ । ਆਪ ਨੂੰ ਰੱਬ ਨਾਲ ਐਨ੍ਹਾ ਪ੍ਰੇਮ ਸੀ ਕਿ ਸਾਧਾਰਣ ਲੋਕ ਵੀ ਕਿਹਾ ਕਰਦੇ ਸਨ ਕਿ 'ਇਸ਼ਕੇ ਮੁਹਮੱਦ ਅਲਾ ਰੱਬਿਹੀ' ਅਰਥਾਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਆਪਣੇ ਰੱਬ ਦਾ ਆਸ਼ਕ ਹੋ ਗਿਆ ਹੈ ।

ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਰੱਬ ਨਾਲ ਪ੍ਰੇਮ ਤੇ ਇਸ਼ਕ ਬਾਰੇ ਵਰਨਣ ਕਰਦਿਆਂ ਹੋਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹੋਰ ਫ਼ਰਮਾਉਂਦੇ ਹਨ ਕਿ ਜੱਦ ਇਹ ਆਇਤਾਂ ਉਤਰੀਆਂ ਕਿ ਮੁਸ਼ਰੇਕੀਨ (ਅਨੇਕ ਈਸ਼ਵਰਵਾਦੀ) ਗੰਦਗੀ ਹਨ, ਪਲੀਦ ਹਨ, ਫ਼ਸਾਦੀ ਹਨ, ਮੂਰਖ ਹਨ, ਸ਼ੈਤਾਨ ਦੀ ਬੰਸ ਹਨ ਅਤੇ ਇਹਨਾਂ ਦੇ ਪੂਜਕ ਨਰਕ ਦਾ ਸਾਧਨ ਤੇ ਸਮਾਨ ਹਨ । ਇਸ'ਤੇ ਅਬੂਤਾਲਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲਐਹਿ ਵਸਲਮ ਨੂੰ ਬੁਲਾਕੇ ਕਿਹਾ ਕਿ ਹੇ, ਮੇਰੇ ਭਤੀਜੇ ! ਹੁਣ ਤੇਰੇ ਕੁਬੋਲਾਂ ਨਾਲ ਕੌਮ ਸਖ਼ਤ ਭੜਕ ਗਈ ਹੈ ਅਤੇ ਨੇੜੇ ਹੈ ਕਿ ਤੈਨੂੰ ਮਾਰ ਦੇਣ ਅਤੇ ਨਾਲ ਹੀ ਮੈਨੂੰ ਵੀ, ਤੂੰ ਇਹਨਾਂ ਦੇ ਸੂਝਵਨਾ ਨੂੰ ਮੂਰਖ ਕਿਹਾ ਹੈ ਅਤੇ ਇਹਨਾ ਦੇ ਵਡੇਰਿਆਂ ਨੂੰ ਫ਼ਸਾਦੀ ਕਿਹਾ ਹੈ ਅਤੇ ਇਹਨਾਂ ਦੇ ਸਨਮਾਨਯੋਗ ਪੂਜਕਾਂ ਨੂੰ ਨਰਕ ਤੇ ਨਰਕ ਨਾ ਸਾਧਨ ਕਿਹਾ ਹੈ ਅਤੇ ਸਾਧਾਰਣ ਤੌਰ'ਤੇ ਇਹਨਾ ਸਾਰਿਆਂ ਨੂੰ ਗੰਦਗੀ ਤੇ ਸ਼ੈਤਾਨ ਦੀ ਬੰਸ ਕਿਹਾ ਹੈ । ਮੈਂ ਤੇਰੀ ਭਲਾਈ ਲਈ ਕਹਿੰਦਾਂ ਹਾਂ ਕਿ ਆਪਣੇ ਕੁਬੋਲਾਂ ਤੋਂ ਆਪਣੇ ਆਪ ਨੂੰ ਰੋਕ, ਇਹਨਾ ਤੋਂ ਬਾਜ਼ ਆ ਜਾ, ਵਰਨਾ ਮੈਂ ਕੌਮ ਦੇ ਮੁਕਾਬਲੇ ਦੀ ਸ਼ਕਤੀ ਨਹੀਂ ਰਖੱਦਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਤੱਰ ਵਿੱਚ ਕਿਹਾ ਕਿ ਹੇ, ਚਾਚਾ ! ਇਹ ਕੁਬੋਲ ਨਹੀਂ ਹਨ ਸਗੋਂ ਵਾਸਤਵਿਕਤਾ, ਪ੍ਰਕਟਨ ਤੇ ਸਚੱਾਈ ਦੇ ਐਨ ਮੌਕੇ ਵਰਨਣ ਹੈ ਅਤੇ ਇਹੋ ਤਾਂ ਕੰਮ ਹੈ ਜਿਸ ਲਈ ਮੈਂ ਭੇਜਿਆ ਗਿਆ ਹਾਂ ਜੇਕਰ ਇਸ ਕਰਕੇ ਮੈਨੂੰ ਮਰਨਾ ਪੇਸ਼ ਆਉਂਦਾ ਹੈ ਤਾਂ ਮੈਂ ਮਰਨਾ ਪਰਵਾਨ ਕਰਦਾ ਹਾਂ । ਮੇਰਾ ਜੀਵਨ ਇਸੇ ਮਾਰਗ ਵਿੱਚ ਵਕਫ਼ ਹੈ, ਮੈਂ ਮੌਤ'ਤੋਂ ਡਰਕੇ ਸਚੱਾਈ ਪ੍ਰਗਟ ਕਰਨ ਤੋਂ ਰੁਕ ਨਹੀਂ ਸਕਦਾ ਅਤੇ ਹੇ, ਚਾਚਾ ! ਜੇਕਰ ਤੁਹਾਨੂੰ ਆਪਣੀ ਕਮਜ਼ੋਰੀ ਅਤੇ ਆਪਣੇ ਕਸ਼ਟ ਦਾ ਵਿਚਾਰ ਹੈ ਤਾਂ ਤੁਸੀਂ ਆਪਣੀ ਪਨਾਹ ਵਿੱਚ ਰਖੱਣ ਤੋਂ ਅਜ਼ਾਦ ਹੋ ਜਾਓ, ਬ-ਖ਼ੁਦਾ ਮੈਨੂੰ ਤੇਰੀ ਕੁਝ ਵੀ ਲੋੜ ਨਹੀਂ ਹੈ । ਮੈਂ ਇਲਾਹੀ ਆਦੇਸ਼ਾਂ ਨੂੰ ਪਹੁੰਚਾਉਣ ਤੋਂ ਕਦੇ ਵੀ ਬਾਜ਼ ਨਹੀਂ ਆ ਸਕਦਾ । ਮੈਨੂੰ ਆਪਣੇ ਮੌਲਾ ਦੇ ਆਦੇਸ਼ ਆਪਣੀ ਜਾਨ ਤੋਂ ਵੱਧ ਪਿਆਰੇ ਹਨ । ਬਖ਼ੁਦਾ ਜੇਕਰ ਮੈਂ ਇਸ ਮਾਰਗ ਵਿੱਚ ਮਾਰਿਆ ਜਾਵਾਂ ਤਾਂ ਚਾਹੁੰਦਾ ਹਾਂ ਕਿ ਵਾਰ ਵਾਰ ਜੀਉਂਦਾ ਹੋਕੇ ਹਰ ਵਾਰ ਇਸ ਮਾਰਗ ਵਿੱਚ ਮਰਦਾ ਰਹਾਂ । ਇਹ ਖ਼ੌਫ਼ ਦੀ ਥਾਂ ਨਹੀਂ ਸਗੋਂ ਮੈਨੂੰ ਇਸ ਵਿੱਚ ਅਤਿਅੰਤ ਆਨੰਦ ਹੈ ਕਿ ਇਸ ਮਾਰਗ ਵਿੱਚ ਦੁੱਖ ਝਲੱਾਂ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਹ ਭਾਸ਼ਣ ਦੇ ਰਹੇ ਸਨ ਅਤੇ ਚਿਹਰੇ ਉਪੱਰ ਸਚੱਾਈ ਅਤੇ ਨੂਰ ਭਰਿਆ ਪ੍ਰਕਟ ਹੋ ਰਿਹਾ ਸੀ ਅਤੇ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਹ ਭਾਸ਼ਣ ਦੇ ਚੁਕੇ ਤਾਂ ਸਚੱਾਈ ਦੀ ਰੌਸ਼ਨੀ ਦੇਖਕੇ ਅਬੂਤਾਲਬ ਦੀਆਂ ਅਖੱਾਂ'ਚੋਂ ਆਪਮੁਹਾਰੇ ਹੀ ਹੰਝੂ ਵੱਗ ਤੁਰੇ ਅਤੇ ਉਹਨਾਂ ਨੂੰ ਕਿਹਾ ਕਿ ਮੈਂ ਤੇਰੀ ਇਸ ਉਚੱਤਮ ਅਵਸਥਾ ਤੋਂ ਅਣਜਾਣ

ਸੀ, ਤੂੰ ਹੋਰ ਹੀ ਰੰਗ ਵਿੱਚ ਰੰਗਿਆ ਹੈਂ ਤੇਰੀ ਹੋਰ ਹੀ ਸ਼ਾਨ ਹੈ, ਜਾ ਆਪਣੇ ਕੰਮ ਵਿੱਚ ਲਗਾੱ ਰਹਿ । ਜੱਦ ਤੱਕ ਮੈਂ ਜੀਉਂਦਾ ਹਾਂ ਜਿੱਥੋਂ ਤੱਕ ਮੇਰੀ ਸ਼ਕਤੀ ਹੈ ਮੈਂ ਤੇਰਾ ਸਾਥ ਦਿਆਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਅਹਮਦੀਆਂ ਉਪੱਰ ਇਹ ਆਰੋਪ ਲਾਇਆ ਜਾਂਦਾ ਹੈ ਕਿ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੂੰ ਮੰਨ੍ਹਣ ਕਰਕੇ ਕਾਫ਼ਰ ਹਨ । ਇਹ ਘਟਨਾ ਜੋ ਮੈਂ ਹੁਣੇ ਹੀ ਵਰਨਣ ਕੀਤੀ ਹੈ ਇਹ ਅਸੀਂ ਇਤਿਹਾਸ ਵਿੱਚ ਪੜ੍ਹਦੇ ਤੇ ਸੁਣਦੇ ਹਾਂ ਪਰ ਜਿਸ ਬੇ ਇਖ਼ਤਿਆਰੀ ਅਤੇ ਦਿਲੀ ਅਵਸਥਾ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਨੂੰ ਵਰਨਣ ਕੀਤਾ ਹੈ ਇਸ ਤੋਂ ਆਪ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਪ੍ਰੇਮ ਪ੍ਰਕਟ ਹੁੰਦਾ ਹੈ ਅਤੇ ਇਸ ਰਾਹੀਂ ਫਿਰ ਰੱਬ ਨਾਲ ਪ੍ਰੇਮ ਦੇ ਮਾਰਗ ਵੀ ਦਿਖਾਈ ਦਿੰਦੇ ਹਨ ਜੋ ਆਪ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਦਿਖਾਏ ਹਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪ੍ਰੇਮ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਓਨ੍ਹਦੇ ਹਨ :

ਮੈਂ ਹਮੇਸ਼ਾ ਹੈਰਾਨੀ ਦੀ ਨਿਗਾਹ ਨਾਲ ਦੇਖਦਾ ਹਾਂ ਕਿ ਇਹ ਅਰਬੀ ਨਬੀ ਜਿਸ ਦਾ ਨਾਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਹੈ, ਹਜ਼ਾਰ ਹਜ਼ਾਰ ਦੁਰੂਦ ਤੇ ਸਾਲਾਮ ਉਸ'ਤੇ, ਇਹ ਕਿਸ ਉਰੱਤਮ ਮਰਤਬੇ ਦਾ ਨਬੀ ਹੈ, ਇਸ ਦੇ ਉਰੱਤਮ ਮਰਤਬੇ ਦਾ ਅੰਤ ਮਲੂਮ ਨਹੀਂ ਹੋ ਸਕਦਾ ਅਤੇ ਇਸਦੇ ਪਵਿਤੱਰ ਪ੍ਰਭਾਵ ਦਾ ਅਨੁਮਾਨ ਲਾਉਂਣਾ ਮਨੁੱਖੀ ਕੰਮ ਨਹੀਂ । ਦੁੱਖ ਇਸ ਗੱਲ ਦਾ ਹੈ ਕਿ ਜਿਹਾ ਹੱਕ ਇਸ ਦੀ ਸ਼ਨਾਖ਼ਤ ਦਾ ਹੈ ਇਸ ਦੇ ਮਰਤਬੇ ਨੂੰ ਸ਼ਨਾਖ਼ਤ ਨਹੀਂ ਕੀਤਾ ਗਿਆ । ਉਹ ਤੌਹੀਦ ਜੋ ਦੁਨੀਆ ਵਿੱਚੋਂ ਲੁਪਤ ਹੋ ਚੁਕੀ ਸੀ, ਉਹੋ ਇਕ ਪਹਿਲਵਾਨ ਹੈ ਜੋ ਮੁੜ ਇਸ ਨੂੰ ਦੁਨੀਆ ਵਿੱਚ ਪਰਤਾ ਲਿਆਇਆ । ਉਸ ਨੇ ਰੱਬ ਨਾਲ ਅਤਿਅੰਤ ਦਰਜੇ ਦਾ ਪ੍ਰੇਮ ਕੀਤਾ ਅਤੇ ਅਤਿਅੰਤ ਦਰਜੇ ਤੱਕ ਮਾਨਵੀ ਸੇਵਾ ਵਿੱਚ ਉਸ ਦਾ ਜੀਵਨ ਬਤੀਤ ਹੋਇਆ । ਇਸ ਲਈ ਰੱਬ ਨੇ ਜੋ ਉਸ ਦੇ ਦਿਲ ਦੇ ਭੇਤਾਂ ਤੋਂ ਜਾਣੂ ਸੀ ਉਸ ਨੂੰ ਸਾਰਿਆਂ ਨਬੀਆਂ ਅਤੇ ਆਦਿ ਤੋਂ ਅੰਤ ਤੱਕ ਸਾਰਿਆਂ ਉਪੱਰ ਫ਼ਜ਼ੀਲਤ (ਵੱਡਿਆਈ) ਬਖ਼ਸ਼ੀ ਅਤੇ ਉਸਦੀਆਂ ਮੁਰਾਦਾਂ ਉਸਦੇ ਜੀਵਨ ਵਿੱਚ ਹੀ ਪ੍ਰਦਾਨ ਕੀਤੀਆਂ । ਉਹੋ ਜੋ ਸੋਮਾ ਹੈ ਹਰ ਫ਼ੈਜ਼ ਦਾ ਅਤੇ ਜੋ ਉਸ ਦੇ ਫ਼ੈਜ਼ ਦੇ ਇਕਰਾਰ ਤੋਂ ਬਿਨਾ ਕਿਸੇ ਫ਼ਜ਼ੀਲਤ (ਵੱਡਿਆਈ) ਦਾ ਦਾਵਾ ਕਰਦਾ ਹੈ ਉਹ ਮਨੁੱਖ ਨਹੀਂ ਸਗੋਂ ਸ਼ੈਤਾਨ ਦੇ ਬੰਸ ਵਿੱਚੋਂ ਹੈ ਕਿਉਂਕਿ ਹਰ ਫ਼ਜ਼ੀਲਤ ਦੀ ਕੁੰਜੀ ਉਸ ਨੂੰ ਦਿੱਤੀ ਗਈ ਹੈ ਅਤੇ ਹਰ ਮੁਆਰਫ਼ਤ ਦਾ ਖ਼ਜ਼ਾਨਾ ਉਸ ਨੂੰ ਬਖ਼ਸ਼ਿਆ ਗਿਆ ਹੈ । ਜੋ ਇਸ ਰਾਹੀਂ ਹਾਸਲ ਨਹੀਂ ਕਰਦਾ ਉਹ ਅਰੰਭ ਤੋਂ ਮਹਿਰੂਮ ਹੈ । ਅਸੀਂ ਕੀ ਚੀਜ਼ ਹਾਂ ਅਤੇ ਸਾਡੀ ਵਾਸਤਵਿਕਤਾ ਕੀ ਹੈ, ਅਸੀਂ ਨੇਮਤ ਦੇ ਇਨਕਾਰੀ ਹੋਵਾਂਗੇ ਜੇਕਰ ਇਸ ਗੱਲ ਦਾ ਇਕਰਾਰ ਨ ਕਰੀਏ ਕਿ ਸੱਚੀ ਤੌਹੀਦ ਅਸੀਂ ਇਸੇ ਨਬੀ ਰਾਹੀਂ ਹਾਸਲ ਕੀਤੀ ਅਤੇ ਜੀਉਂਦੇ ਰੱਬ ਦੀ ਸ਼ਨਾਖ਼ਤ ਸਾਨੂੰ ਇਸੇ ਨਬੀ ਕਾਮਲ ਰਾਹੀਂ ਅਤੇ ਇਸ ਦੇ ਨੂਰ ਰਾਹੀਂ ਸਾਨੂੰ ਮਿਲੀ ਹੈ ਅਤੇ ਰੱਬ ਨਾਲ ਕਲਾਮ ਤੇ ਵਾਰਤਾਲਾਪ ਦਾ ਸਨਮਾਨ ਵੀ, ਜਿਸ ਨਾਲ ਅਸੀਂ ਉਸ ਦਾ ਚਿਹਰਾ ਦੇਖਦੇ ਹਾਂ, ਇਸ ਵੱਡਿਆਈ ਵਾਲੇ ਨਬੀ ਰਾਹੀਂ ਸਾਨੂੰ ਉਪਲਭਧ ਹੋਇਆ ਹੈ । ਇਸ ਸੁਮਾਰਗ ਦੇ ਸੂਰਜ ਦੀਆਂ ਕਿਰਣਾ ਧੁੱਪ ਵਾਂਗ ਸਾਡੇ ਉਪੱਰ ਪੈਂਦੀਆਂ ਹਨ ਅਤੇ ਉਨ੍ਹਿ ਸਮੇਂ ਤੱਕ ਅਸੀਂ ਰੌਸ਼ਨ ਰਹਿ ਸਕਦੇ ਹਾਂ ਜੱਦ ਤੱਕ ਕਿ ਅਸੀਂ ਉਸ ਦੇ ਸਾਹਮਣੇ ਖੜੇ ਹਾਂ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੈਂ ਬੜੇ ਜ਼ੋਰ ਨਾਲ ਕਹਿੰਦਾ ਹਾਂ ਕਿ ਭਾਵੇਂ ਕਿਹੋ ਜਿਹਾ ਵੀ ਪਕੱਾ ਦੁਸ਼ਮਣ ਹੋਵੇ ਅਤੇ ਭਾਵੇਂ ਉਹ ਇਸਾਈ ਹੋਵੇ ਜਾਂ ਆਰਿਆ ਜੱਦ ਉਹ ਇਹਨਾ ਅਵਸਥਾਵਾਂ ਨੂੰ ਦੇਖੇਗਾ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਪਹਿਲੇ ਅਰਬ ਦੀ ਸੀ ਅਤੇ ਫਿਰ ਇਸ ਦੀ ਤਬਦੀਲੀ ਉਪੱਰ ਨਜ਼ਰ ਕਰੇਗਾ ਜੋ ਆਪ ਜੀ ਦੀ ਸਿੱਖਿਆ ਅਤੇ ਪ੍ਰਭਾਵ ਨਾਲ ਪੈਦਾ ਹੋਈ ਤਾਂ ਉਸ ਨੂੰ ਬੇਇਖ਼ਤਿਆਰ

ਆਪਦੀ ਸਚੱਾਈ ਦੀ ਸਾਖੀ ਭਰਨੀ ਪਏਗੀ । ਮੋਟੀ ਜਿਹੀ ਗੱਲ ਹੈ ਕਿ ਕੁਰਾਨ ਕਰੀਮ ਨੇ ਇਸ ਦੀ ਪਹਿਲੀ ਅਵਸਥਾ ਦਾ ਤਾਂ ਇਹ ਚਿਤੱਰ ਖਿੱਚਿਆ ਹੈ ਕਿ (وَيَأْكُلُوْنَ كَمَا تَأْكُلُ الْاَنْعَامُ) ਵ 'ਯਾਕੁਲੂਨਾ ਕਮਾ ਤਾਕੁਲੁਲ ਅਨਾਮੁ' ਅਰਥਾਤ ਇਉ ਖਾਂਦੇ ਸਨ ਜਿਵੇਂ ਪਸ਼ੂ ਖਾਂਦੇ ਹਨ, ਭਾਵ ਪਸ਼ੂਆਂ ਵਾਲੀ ਅਵਸਥਾ ਸੀ । ਇਹ ਤਾਂ ਇਹਨਾ ਦੇ ਕੁਫ਼ਰ ਦੀ ਹਾਲਤ ਸੀ ਅਤੇ ਫਿਰ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪਵਿਤੱਰ ਪ੍ਰਭਾਵ ਹੇਠ ਉਹਨਾਂ ਵਿੱਚ ਤਬਦੀਲੀ ਪੈਦਾ ਹੋਈ ਤਾਂ ਉਹਨਾਂ ਦੀ ਇਹ ਹਾਲਤ ਹੋ ਗਈ ਕਿ (يَبِيْتُوْنَ لِرَبِّهِمْ سُجَّدًا وَّقِيَامًا) 'ਯਬੀਤੂਨਾ ਲਿ ਰੱਬਿਹਿਮ ਸੁਜੱਾਦੰਵ ਵ ਕਿਯਾਮਾ' ਅਰਥਾਤ ਉਹ ਆਪਣੇ ਰੱਬ ਦੀ ਹਜ਼ੂਰੀ ਵਿੱਚ ਸਜੱਦੇ ਕਰਦਿਆਂ ਹੋਇਆਂ ਅਤੇ ਕਯਾਮ ਕਰਦਿਆਂ ਹੋਇਆਂ ਰਾਤਾਂ ਕੱਟ ਦਿੰਦੇ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਪਹਿਲਿਆਂ ਨਾਲ ਮਿਲਣ ਵਾਲੀ ਆਖ਼ਰੀਨ ਦੀ ਇਸ ਜਮਾਤ ਦੇ ਲੋਕਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਇਹਨਾਂ ਪਦਚਿੰਨ੍ਹਾ ਦੀ ਪੈਰ੍ਹਵੀ ਕਰਦਿਆਂ ਹੋਇਆਂ ਜਿਵੇਂ ਸਹਾਬਾ ਨੇ ਇਬਾਦਤਾਂ ਦੇ ਮਿਆਰ ਬੁਲੰਦ ਕੀਤੇ ਅਸੀਂ ਵੀ ਆਪਣੀਆਂ ਇਬਾਦਤਾਂ ਦੇ ਮਿਆਰ ਬੁਲੰਦ ਕਰੀਏ ਅਤੇ ਕੇਵਲ ਦੁਨੀਆਦਾਰੀ ਵਿੱਚ ਹੀ ਨ ਡੁੱਬੇ ਰਹੀਏ । ਜ਼ੈਲੀ ਤੰਜ਼ੀਮਾ ਅਤੇ ਜਮਾਤੀ ਵਿਵਸਥਾ ਇਹ ਰਿਪੋਰਟ ਦਿੰਦੇ ਹਨ ਕਿ ਸਾਡੇ ਐਨ੍ਹੇ ਪ੍ਰਤੀਸ਼ਤ ਨਮਾਜ਼ ਪੜ੍ਹਨ ਵਾਲੇ ਹੋ ਗਏ ਹਨ । ਚਾਲ੍ਹੀ ਪ੍ਰਤੀਸ਼ਤ, ਪੰਜਾਹ ਪ੍ਰਤੀਸ਼ਤ ਸੱਠ ਪ੍ਰਤੀਸ਼ਤ ਆਦਿ । ਅਸੀਂ ਜੱਦ ਤੱਕ ਸੌ ਪ੍ਰਤੀਸ਼ਤ ਆਬਦ ਪੈਦਾ ਨ ਕਰ ਲਈਏ ਸਾਨੂੰ ਚੈਨ ਨਾਲ ਨਹੀਂ ਬੈਠਣਾ ਚਾਹੀਦਾ ਅਤੇ ਕੇਵਲ ਨਿਜ਼ਾਮ (ਵਿਵਸਥਾ) ਨਹੀਂ ਸਗੋਂ ਹਰ ਵਿਅਕਤੀ ਨੂੰ ਆਪ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਮੈਂ ਇਸ ਹਾਲਤ ਵਿੱਚ ਹਾਂ ।

ਫਿਰ ਸਿਦਕ ਤੇ ਸਚੱਾਈ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਦੀ ਜੀਵਨ ਸ਼ੈਲੀ ਕੀ ਸੀ, ਆਪ ਦੇ ਸਖ਼ਤ ਤੇ ਵੱਡੇ ਦੁਸ਼ਮਣ ਨਜ਼ਰ ਬਿਨ ਹਾਰਸ ਦੀ ਗਵਾਹੀ ਸੁਣੋ । ਇਸ ਵਾਰ ਕੁਰੈਸ਼ ਦੇ ਸਾਰੇ ਸਰਦਾਰ ਇਕਤੱਰ ਹੋਏ ਜਿੰਨ੍ਹਾ ਵਿੱਚ ਅਬੁਜਿਹਲ ਅਤੇ ਨਜ਼ਰ ਬਿਨ ਹਾਰਸ ਵੀ ਸ਼ਾਮਲ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਬਾਰੇ ਜੱਦ ਵੀ ਕਿਸੇ ਨੇ ਇਹ ਕਿਹਾ ਕਿ ਉਹਨਾਂ ਨੂੰ ਜਾਦੂਗਰ ਪ੍ਰਸਿੱਧ ਕਰ ਦਿਤੱਾ ਜਾਵੇ ਜਾਂ ਝੂਠਾ ਕਰਾਰ ਦੇ ਦਿਤੱਾ ਜਾਵੇ ਤਾਂ ਨਜ਼ਰ ਬਿਨ ਹਾਰਸ ਖੜਾ ਹੋਇਆ ਅਤੇ ਕਹਿਣ ਲਗੱਾ ਕਿ ਹੇ ਕੁਰੈਸ਼ ਦੇ ਦਲ ! ਅਜਿਹਾ ਮਾਮਲਾ ਤੁਹਾਡੇ ਸਾਹਮਣੇ ਆ ਗਿਆ ਹੈ ਜਿਸਦੇ ਮੁਕਾਬਲੇ ਲਈ ਤੁਸੀਂ ਕੋਈ ਵਿਉਂਤ ਨਹੀ ਕਰ ਸਕੇ । ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੁਹਾਡੇ ਵਿੱਚ ਇਕ ਜੁਆਨ ਲੜਕੇ ਸਨ ਅਤੇ ਤੁਹਾਨੂੰ ਸਭ ਤੋਂ ਵੱਧ ਪਿਆਰੇ ਸਨ, ਸਭ ਤੋਂ ਵੱਧ ਸੱਚ ਬੋਲਣ ਵਾਲੇ ਸਨ, ਤੁਹਾਡੇ ਵਿੱਚੋਂ ਸਭ ਤੋਂ ਵੱਧ ਇਮਾਨਦਾਰ ਸਨ । ਹੁਣ ਤੁਸੀਂ ਕਹਿੰਦੇ ਹੋ ਕਿ ਉਹ ਜਾਦੂਗਰ ਹੈ, ਉਹਨਾਂ ਵਿੱਚ ਜਾਦੂ ਦੀ ਕੋਈ ਗੱਲ ਨਹੀਂ । ਅਸੀਂ ਵੀ ਜਾਦੂਗਰ ਦੇਖੇ ਹਨ । ਤੁਸੀਂ ਕਿਹਾ ਕਿ ਉਹ ਕਾਹਨ ਹੈ ਅਸੀਂ ਕਾਹਨ ਵੀ ਦੇਖੇ ਹੋਏ ਹਨ ਉਹ ਉਕੱਾ ਹੀ ਕਾਹਨ ਨਹੀਂ ਹਨ, ਤੁਸੀਂ ਕਿਹਾ ਉਹ ਸ਼ਾਇਰ (ਕਵੀ) ਹੈ ਅਸੀਂ ਸ਼ੇਅਰ ਦੀਆਂ ਸਾਰੀਆਂ ਕਿਸਮਾਂ ਜਾਣਦੇ ਹਾਂ ਉਹ ਸ਼ਾਇਰ ਨਹੀਂ ਹੈ, ਤੁਸੀਂ ਕਿਹਾ ਉਹ ਸ਼ੁਦਾਈ ਹੈ ਉਹਨਾਂ ਵਿੱਚ ਸ਼ੁਦਾਈ ਵਾਲੀ ਕੋਈ ਗੱਲ ਨਹੀਂ । ਹੇ, ਕੁਰੈਸ਼ ਦੇ ਦਲ ਹੋਰ ਗ਼ੌਰ ਕਰੋ ਤੁਹਾਡਾ ਵਾਸਤਾ ਇਕ ਬਹੁਤ ਵੱਡੇ ਮਾਮਲੇ ਨਾਲ ਹੈ ।

ਫਿਰ ਅਬੁਜਿਹਲ ਆਪ ਦੀ ਸਚੱਾਈ ਦਾ ਕਦੇ ਵੀ ਇਨਕਾਰ ਨਹੀਂ ਕਰ ਸਕਿਆ । ਉਸ ਦੇ ਕਿਹਾ ਕਿ ਮੈਂ ਤੁਹਾਨੂੰ ਝੂਠਾ ਨਹੀਂ ਕਹਿੰਦਾ ਪਰ ਜੋ ਸਿੱਖਿਆ ਤੁਸੀਂ ਲਿਆਏ ਹੋ ਉਹ ਗ਼ਲਤ ਹੈ ਕਿਉਂਕਿ ਤੁਸੀਂ ਸਾਡੇ ਬੁਤਾਂ ਦੇ ਖ਼ਿਲਾਫ਼ ਬੋਲ ਰਹੇ ਹੋ । ਅਬੁ ਸੁਫ਼ਿਯਾਨ ਨੇ ਹਰਕੁਲ ਦੇ ਦਰਬਾਰ ਵਿੱਚ ਇਹੋ ਕਿਹਾ ਸੀ ਕਿ ਆਪ ਸਲਲੱਾਹੁ

ਅਲੈਹਿ ਵਸਲਮ ਨੇ ਕਦੇ ਝੂਠ ਨਹੀਂ ਬੋਲਿਆ ਅਤੇ ਹਮੇਸ਼ਾ ਸੱਚ ਬੋਲਣ ਦੀ ਤਲਕੀਨ ਕਰਦੇ ਹਨ । ਸੋ ਦੁਸ਼ਮਣ ਤੋਂ ਵੀ ਦੁਸ਼ਮਣ ਆਪ ਨੂੰ ਕਦੇ ਝੂਠਾ ਨਹੀਂ ਕਹਿ ਸਕਿਆ ਅਤੇ ਇਹੋ ਆਪ ਦੀ ਨਬੁਵੱਤ ਦੇ ਸਚੱਾ ਹੋਣ ਦੀ ਬਹੁਤ ਵੱਡੀ ਦਲੀਲ ਹੈ । ਯਹੂਦੀ ਵਿਦਵਾਨ ਨੇ ਆਪ ਦੇ ਚਿਹਰੇ ਨੂੰ ਦੇਖਕੇ ਕਿਹਾ ਸੀ ਕਿ ਇਹ ਝੂਠੇ ਦਾ ਚਿਹਰਾ ਨਹੀਂ ਹੋ ਸਕਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਹਜ਼ਰਤ ਮੁਹਮੱਦ ਸਲਲੱਾਹੁ ਅਲੈਅਹਿ ਵਸਲਮ ਦੀ ਜੀਵਨ ਸ਼ੈਲੀ ਉਪੱਰ ਚਲਦਿਆਂ ਹੋਇਆ ਅਹਮਦੀਆਂ ਨੂੰ ਆਪਣੀ ਸਚੱਾਈ ਦੇ ਮਿਆਰ ਨੂੰ ਉਚੱਾ ਕਰਨ ਦਾ ਹਮੇਸ਼ਾ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਇਸਲਾਮ ਦੀ ਸੁੰਦਰ ਸਿੱਖਿਆ ਫੈਲਾਉਣ ਵਿੱਚ ਆਸਾਨੀ ਪੈਦਾ ਹੋਵੇ । ਪ੍ਰਚਾਰ ਲਈ ਜ਼ਰੂਰੀ ਹੈ ਕਿ ਕਥਨੀ ਤੇ ਕਰਣੀ ਇਕ ਹੋਵੇ । ਜੇਕਰ ਕਰਣੀ ਵਿੱਚ ਸਚੱਾਈ ਨਹੀਂ ਤਾਂ ਲੋਕ ਦੀਨੀ ਸਿੱਖਿਆ ਨੂੰ ਵੀ ਝੂਠਾ ਸਮਝਣਗੇ । ਰੱਬ ਦਾ ਵੁਜੂਦ ਇਕ ਸਚੱਾਈ ਹੈ । ਦੀਨਿ ਇਸਲਾਮ ਇਕ ਸਚੱਾਈ ਹੈ । ਇਸ ਸਚੱਾਈ ਨੂੰ ਫੈਲਾਉਣਾ ਅਤੇ ਸੱਚ ਰਾਹੀਂ ਫੈਲਾਉਂਣਾ ਅੱਜ ਸਾਡਾ ਕੰਮ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਸੋ, ਅੱਜ (ਅਰਥਾਤ 12 ਰਬੀਉਲ ਅਵੱਲ ਦੇ ਦਿਨ) ਜੇਕਰ ਹਕੀਕੀ ਖ਼ੁਸ਼ੀ ਮਨਾਉਣੀ ਹੈ ਤਾਂ ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪਦਚਿੰਨ੍ਹਾ ਉਪੱਰ ਚਲਕੇ ਮਨਾਈ ਜਾ ਸਕਦੀ ਹੈ ਜਿੱਥੇ ਇਬਾਦਤਾਂ ਦੇ ਮਿਆਰ ਵੀ ਬੁਲੰਦ ਹੋਣ, ਜਿੱਥੇ ਤੋਹੀਦ ਉਪੱਰ ਕਾਮਲ ਯਕੀਨ ਹੋਵੇ ਅਤੇ ਉਚੱਤਮ ਆਜਰਣ ਦੇ ਮਿਆਰ ਵੀ ਬੁਲੰਦ ਹੋਣ । ਜੇਕਰ ਇਹ ਨਹੀਂ ਤਾਂ ਸਾਡੇ ਵਿੱਚ ਅਤੇ ਗ਼ੈਰਾਂ ਵਿੱਚ ਕੋਈ ਅੰਤਰ ਨਹੀਂ । ਉਹ ਲੋਕ ਜੋ ਵਿਖਰੇ ਹੋਏ ਹਨ ਅਤੇ ਆਰਜ਼ੀ ਲੀਡਰਾਂ ਅਤੇ ਨਾਂ ਨਿਹਾਦ ਮੋਲਵੀਆਂ ਦੇ ਪਿੱਛੇ ਚਲੱਕੇ ਲੋਕਾਂ ਲਈ ਔਕੁੜਾਂ ਦੇ ਸਾਮਾਨ ਕਰ ਰਹੇ ਹਨ, ਉਹਨਾਂ ਵਿੱਚ ਅਤੇ ਸਾਡੇ ਵਿੱਚ ਕੋਈ ਅੰਤਰ ਨਹੀਂ ਹੋਵੇਗਾ । ਜੇਕਰ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪਦਚਿੰਨ੍ਹਾ ਉਪੱਰ ਅਮਲ ਨਹੀਂ ਕਰ ਰਹੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਤਕਾਦਾ ਇਹੋ ਹੈ ਕਿ ਹਰ ਕੰਮ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮੱ ਦੇ ਪਦਚਿੰਨ੍ਹਾ ਨੂੰ ਸਾਹਮਣੇ ਰੱਖਿਆ ਜਾਵੇ । ਰੱਬ ਕਰੇ ਇਸ ਦੀ ਸਾਰਿਆਂ ਨੂੰ ਤੋਫ਼ੀਕ ਮਿਲੇ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਮੁਕਰਮਾ ਸਿਸਟਰ ਸਲਮਾ ਗ਼ਨੀ ਸਾਹਿਬਾ ਆਫ਼ ਫ਼ਲਾਡਲਫ਼ੀਆ (ਅਮਰੀਕਾ) ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਆਪਦੇ ਸਦਗੁਣਾ ਨੂੰ ਵਰਨਣ ਕੀਤਾ ।

**Khulasa Khutba Jumma 01.12.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131